Alberta

**ਬਿਆਨ**

# ਬਿੱਲ 71 ਪਾਸ ਹੋਇਆ: ਮਿਨਿਸਟਰ ਕੌਪਿੰਗ ਵੱਲੋਂ ਬਿਆਨ

21 ਅਪਰੈਲ 2021

---

ਬਿੱਲ 71: ਐਂਪਲਾਇਮੈਂਟ ਸਟੈਂਡਰਡਜ਼ (ਕੋਵਿਡ-19 ਵੈਕਸੀਨੇਸ਼ਨ ਲੀਵ) ਅਮੈਂਡਮੈਂਟ ਐਕਟ, 2021 ਦੇ ਪਾਸ ਹੋਣ 'ਤੇ ਲੇਬਰ ਅਤੇ ਇੰਮੀਗਰੇਸ਼ਨ ਮੰਤਰੀ ਜੇਸਨ ਕੌਪਿੰਗ ਨੇ ਹੇਠਾਂ ਦਿੱਤਾ ਬਿਆਨ ਜਾਰੀ ਕੀਤਾ:

" ਜਦੋਂ ਕਿ ਸਾਡੀ ਸਰਕਾਰ ਦਾ ਵੈਕਸੀਨ ਪ੍ਰੋਗਰਾਮ ਹੋਰ ਹੋਰ ਵਧੇਰੇ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਲਗਾਉਣਾ ਚਾਲੂ ਰੱਖ ਰਿਹਾ ਹੈ, ਅਸੀਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਲਈ ਕਾਰਵਾਈਆਂ ਕਰਨੀਆਂ ਜਾਰੀ ਰੱਖ ਰਹੇ ਹਾਂ।

"ਐਲਬਰਟਾ ਸਰਕਾਰ ਨੇ ਇਕ ਕਾਨੂੰਨ ਪਾਸ ਕੀਤਾ ਹੈ ਜਿਹੜਾ ਐਂਪਲਾਇਮੈਂਟ ਸਟੈਂਡਰਡਜ਼ ਕੋਡ 'ਚ ਇਹ ਯਕੀਨੀ ਬਣਾਉਣ ਲਈ ਤਰਮੀਮ ਕਰਦਾ ਹੈ ਕਿ ਕੰਮ ਕਰ ਰਹੇ ਐਲਬਰਟਾ ਨਿਵਾਸੀ ਹਰੇਕ ਕੋਵਿਡ -19 ਵੈਕਸੀਨ ਲਗਵਾਉਣ ਲਈ ਤਨਖਾਹ ਅਤੇ ਨੌਕਰੀ ਦੀ ਸੁਰੱਖਿਆ ਸਹਿਤ ਛੁੱਟੀ ਲੈ ਸਕਣ।

"ਇਹ ਕਾਨੂੰਨ ਪਾਸ ਕਰਨ ਦੁਆਰਾ ਅਸੀਂ ਐਲਬਰਟਾ ਨਿਵਾਸੀਆਂ ਵੱਲੋਂ ਵੈਕਸੀਨ ਲਗਵਾ ਸਕਣ ਦੀਆਂ ਰੋਕਾਂ ਨੂੰ ਘੱਟ ਕਰ ਰਹੇ ਹਾਂ। ਇਸ ਦਾ ਮਤਲਬ ਇਹ ਹੈ ਕਿ ਕਿਸੇ ਵੀ ਐਲਬਰਟਾ ਨਿਵਾਸੀ ਨੂੰ ਵੈਕਸੀਨ ਲਗਵਾਉਣ ਜਾਂ ਖਾਣੇ ਦੇ ਮੇਜ਼ 'ਤੇ ਖਾਣਾ ਰੱਖਣ 'ਚੋਂ ਇਕ ਦੀ ਚੋਣ ਨਹੀਂ ਕਰਨੀ ਪਵੇਗੀ।.

"21 ਅਪਰੈਲ ਤੋਂ ਲਾਗੂ ਹੁੰਦਿਆਂ, ਕੰਮ ਕਰ ਰਿਹਾ ਹਰੇਕ ਐਲਬਰਟਾ ਨਿਵਾਸੀ ਕੋਵਿਡ-19 ਵੈਕਸੀਨ ਦੀ ਹਰੇਕ ਖੁਰਾਕ ਲਗਵਾਉਣ ਲਈ ਤਨਖਾਹ ਅਤੇ ਨੌਕਰੀ ਦੀ ਸੁਰੱਖਿਆ ਸਹਿਤ ਤਿੰਨ ਘੰਟਿਆਂ ਤੱਕ ਦੀ ਛੁੱਟੀ ਲੈ ਸਕਦਾ ਹੈ। ਸਾਰੇ ਕਰਮਚਾਰੀ, ਬਗੈਰ ਇਸ ਗੱਲ ਦੇ ਕਿ ਉਨ੍ਹਾਂ ਦੀ ਨੌਕਰੀ ਦਾ ਦਰਜ਼ਾ ਕੀ ਹੈ ਜਾਂ ਕਿੰਨਾਂ ਸਮਾਂ ਨੌਕਰੀ ਹੋਈ ਹੈ, ਇਸ ਛੁੱਟੀ ਦੇ ਯੋਗ ਹਨ।

"ਅਸੀਂ ਤਾਕੀਦ ਕਰਦੇ ਹਾਂ ਕਿ ਜਦੋਂ ਕੋਵਿਡ-19 ਵੈਕਸੀਨ ਲਈ ਛੁੱਟੀ ਦੀ ਸਮਾਂ-ਸੂਚੀ ਬਣਾਉਣੀ ਹੋਵੇ ਤਾਂ ਸਾਰੇ ਕਰਮਚਾਰੀ ਅਤੇ ਐਂਪਲਾਇਰ ਰਲ਼ ਮਿਲ਼ ਕੇ ਕੰਮਕਰਨ।

"ਇਹ ਇਕ ਸਹੀ ਕੰਮ ਹੈ ਜੋ ਕੀਤਾ ਜਾਣਾ ਚਾਹੀਦਾ ਹੈ ਅਤੇ ਅਸੀਂ ਐਲਬਰਟਾ ਨਿਵਾਸੀਆਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਨੂੰ ਬਚਾਉਣ ਲਈ ਵੱਡੀਆਂ ਕਾਰਵਾਈਆਂ ਕਰ ਰਹੇ ਹਾਂ, ਜਦੋਂ ਕਿ ਨਾਲ ਹੀ ਆਪਣੀ ਆਰਥਿਕ ਰਿਕਵਰੀ ਨੂੰ ਵੀ ਯਕੀਨੀ ਬਣਾ ਰਹੇ ਹਾਂ।"

## ਸਬੰਧਤ ਜਾਣਕਾਰੀ

- Providing paid COVID-19 vaccination leave
- Bill 71: Employment Standards (COVID-19 Vaccination Leave) Amendment Act, 2021
- COVID-19 vaccine information

## ਮੀਡੀਆ ਇਨਕੁਆਰੀਆਂ

Joseph Dow
780-983-8714
ਪ੍ਰੈੱਸ ਸੈਕਰੇਟਰੀ, ਲੇਬਰ ਐਂਡ ਇੰਮੀਗਰੇਸ਼ਨ